# ਬਾਕੀ ਸਭ ਸੁੱਖ-ਸਾਂਦ ਹੈ

*ਮੋਹਨ ਭੰਡਾਰੀ*

ਸਾਡੀ ਬੀਹੀ ਦੇ ਲਗ-ਪਗ ਪੰਜਾਹ ਦੇ ਪੰਜਾਹ ਘਰਾਂ ਨੇ ਆਪੋ ਆਪਣੀ ਰਾਏ ਕਾਇਮ ਕਰ ਲਈ ਸੀ। ਕੋਈ ਕਹਿੰਦਾ ਸੀ, "ਮੋਹਣਾ ਹੰਕਾਰ ਗਿਆ ਹੈ, ਇਹ ਸਮਝਦਾ ਹੈ ਕਿ ਸਾਰੇ ਪਿੰਡ 'ਚ ਮੈਥੋਂ ਸਿਵਾ ਹੁਣ ਚਿੱਠੀ ਲਿਖਣ ਵਾਲ਼ਾ ਹੋਰ ਕੋਈ ਨਹੀਂ। ਲੋਕੀਂ ਚਿੱਠੀਆਂ ਲਿਖਵਾਉਣ ਲਈ ਤੜਫਦੇ ਤੇ ਵਿਲੂੰ-ਵਿਲੂੰ ਕਰਦੇ ਫਿਰਨਗੇ।"

ਕੋਈ ਕਹਿੰਦਾ, "ਦਸਮੀਂ ਕਾਹਦੀ ਕਰ ਲਈ, ਏਸ ਮੁੰਡੇ ਦਾ ਦਮਾਕ ਹੀ ਅਸਮਾਨੀਂ ਚੜ੍ਹ ਗਿਆ ਹੈ। ਇਹ ਹੁਣ ਰੱਬ ਨੂੰ ਟੱਪ ਦੱਸਦੈ। ਭਲੇ ਵੇਲ਼ੇ ਇੱਕ ਬੋਰੀ ਜਹੀ ਦੀ ਪਤਲੂਨ (ਕਟਰਾਈ) ਮਿਲ਼ ਗਈ। ਉਹ ਪਾ ਕੇ ਤੇ ਪੱਟੀਆਂ ਵਾਹ ਕੇ ਸਰਦਾਰਾਂ ਦੇ ਮੁੰਡਿਆਂ ਨਾਲ਼ ਬੀਹਾਂ 'ਚ ਗੇੜੇ ਮਾਰਦਾ ਰਹਿੰਦੈ। ਕਦੇ ਬਾਹਰ ਖੇਤੀਂ ਟੱਕਰ ਗਿਆ, ਕੱਲਾ, ਤਾਂ ਨਾਨਕੇ ਯਾਦ ਕਰਵਾ ਦਿਆਂਗੇ ਇਹਦੇ। ਆਪਣੇ ਆਪ ਨੂੰ ਨਾਢੂ ਖ਼ਾਂ ਸਮਝਦੈ। ਨਾਲ਼ੇ ਦੇਖਲਾਂਗੇ ਇਹਦੇ ਹਮੈਤੀ ਨੂੰ, ਜਿਹੜਾ ਮੂਹਰੇ ਆਊਗਾ।"

ਲੋਕ ਭੂਸਰ ਗਏ ਸਨ।

ਸਾਰੇ ਮਹੱਲੇ 'ਚ ਤਰਾਹ-ਤਰਾਹ ਹੋ ਰਹੀ ਸੀ। ਸਭ ਨੇ ਆਪੋ-ਆਪਣੀ ਰਾਏ ਕਾਇਮ ਕਰ ਲਈ ਸੀ। ਬੀਹੀ ਦੀਆਂ ਬੁੜ੍ਹੀਆਂ ਵੀ ਘੁਸਰ-ਮੁਸਰ ਕਰਦੀਆਂ ਰਹਿੰਦੀਆਂ। ਉਂਗਲ਼ਾਂ ਕੱਢ-ਕੱਢ ਗੱਲਾਂ ਕਰਦੀਆਂ। ਨਵੀਂਆਂ ਵਿਆਹੀਆਂ ਕੁੜੀਆਂ ਹਰਾਸੀਆਂ ਹਰਾਸੀਆਂ ਰਹਿੰਦੀਆਂ। ਬਿਤਰ-ਬਿਤਰ ਦੇਖਦੀਆਂ ਰਹਿੰਦੀਆਂ। ਹੋਰ ਉਹ ਕਿਸ ਤੋਂ ਚਿੱਠੀ ਲਿਖਵਾਉਂਦੀਆਂ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਨੇ। ਉਹ ਸੋਚਦੀਆਂ।

ਅਸਲੀ ਗੱਲ ਬਾਰੇ ਕੋਈ ਧਿਆਨ ਨਹੀਂ ਸੀ ਦਿੰਦਾ, ਗੱਲ ਤਾਂ ਦਰਅਸਲ ਇਹ ਸੀ ਕਿ ਮੈਂ ਪੂਰੇ ਪੰਜ ਵਰ੍ਹੇ ਚਿੱਠੀਆਂ ਲਿਖਦਾ ਰਿਹਾ ਸਾਂ। ਪੰਜਵੀਂ ਤੋਂ ਲੈ ਕੇ ਦਸਵੀਂ ਤੱਕ। ਚਿੱਠੀਆਂ ਲਿਖ-ਲਿਖ ਮੈਂ ਅੱਕ ਗਿਆ ਸਾਂ। ਲੋਕੀਂ ਚਿੱਠੀਆਂ ਲਿਖਵਾਉਂਦੇ ਵੀ ਤਾਂ ਸਿੱਧੀ ਤਰ੍ਹਾਂ ਨਹੀਂ ਸਨ, ਕੁੜੀਆਂ ਚਾਰ-ਚਾਰ ਸਫ਼ਿਆਂ ਦੀਆਂ ਚਿੱਠੀਆਂ ਲਿਖਵਾਉਂਦੀਆਂ ਸਨ। ਚਿੱਠੀਆਂ ਵਿੱਚ ਦੋਹੇ, ਟਿੱਚਰਾਂ ਤੇ ਤੁਕਾਂ ਜੋੜ-ਜੋੜ ਲਿਖਵਾਉਂਦੀਆਂ ਸਨ। ਹਾਲਾਂ ਕਿ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਚਿੱਠੀ ਲਿਖਣ ਵਾਲ਼ਾ ਕੋਈ ਹੋਰ ਹੈ ਪਰ ਉਹ ਛਾਤੀ 'ਤੇ ਹੱਥ ਰੱਖਕੇ ਤੇ ਅੱਖਾਂ ਮੀਚ ਕੇ ਕਹਿੰਦੀਆਂ ਲਿਖ, "ਚਿੱਠੀ ਲਿਖਦੀ ਹਾਂ ਖ਼ੂਨ ਨਾਲ਼ ਸਿਆਹੀ ਨਾ ਸਮਝਣਾ। ਮਰ ਗਈ ਹਾਂ ਤੇਰੀ ਯਾਦ ਵਿੱਚ ਜਿਊਂਦੀ ਨਾ ਸਮਝਣਾ।" ਮੈਨੂੰ ਕਈ ਕਈ ਮਿੰਟ ਉਡੀਕਣਾ ਪੈਂਦਾ ਕਿ ਉਹ ਸਮਾਧੀ 'ਚੋਂ ਨਿਕਲਣ ਤੇ ਅਗਲੀ ਗੱਲ ਲਿਖਵਾਉਣ। ਅਗਲੀ ਗੱਲ ਹੁੰਦੀ, "ਇਹਨਾਂ ਪਰਦੇਸੀਆਂ 'ਤੇ ਨਾ ਕਰਨਾ ਇਤਬਾਰ ਲੋਕੋ, ਇਹ ਰੱਸੀ ਦਾ ਸੱਪ ਬਣਾ ਦਿੰਦੇ।"

ਕੋਈ ਕਹਿੰਦੀ, "ਇਉਂ ਲਿਖ ਦੇ, ਬਈ ਉਹ ਸਾਨੂੰ ਚਿੱਠੀ ਪਾ ਦੇਵੇ ਕਿ ਉਹ

ਇਸ ਮਹੀਨੇ ਦੇ ਅੰਦਰ-ਅੰਦਰ ਮੈਨੂੰ ਲੈਣ ਆਊਗਾ। ਭਾਵੇਂ ਨਾ ਹੀ ਆਵੇ ਪਰ ਏਸ ਤਰ੍ਹਾਂ ਚਿੱਠੀ ਜ਼ਰੂਰ ਲਿਖ ਦੇਵੇ।"

ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖ-ਲਿਖ ਮੈਂ ਥੱਕ ਗਿਆ ਸਾਂ। ਵਾਰਿਸ ਸ਼ਾਹ ਦੀ ਬੈਂਤ ਤੋਂ ਲੈ ਕੇ ਕਬੀਰ ਦੇ ਦੋਹੇ ਤੱਕ, ਉਹ ਆਪਣੀਆਂ ਚਿੱਠੀਆਂ 'ਚ ਪਤਾ ਨਹੀਂ ਕਿਉਂ ਲਿਖਾਉਂਦੀਆਂ ਸਨ? ਹੋਰ ਛੋਟੇ-ਛੋਟੇ ਟੋਟਕਿਆਂ ਦਾ ਤਾਂ ਅੰਤ ਨਹੀਂ ਸੀ। ਪਤਾ ਨਹੀਂ ਕੀ ਕੁਝ ਲਿਖਾਉਂਦੀਆਂ ਰਹਿੰਦੀਆਂ ਸਨ, ਉਹ।

ਕੋਈ ਕਹਿੰਦੀ, 'ਵੇ ਮੋਹਣਿਆ! ਸਾਨੂੰ ਲੋਕਾਂ ਵਾਗੂੰ ਟੋਟਕੜੇ ਤਾਂ ਘੜਨੇ ਨਹੀਂ ਆਉਂਦੇ, ਤੂੰ ਆਪੇ ਲਿਖਦੇ ਜਿਹੜੀ ਗੱਲ ਤੈਨੂੰ ਚੰਗੀ ਲੱਗਦੀ ਐ। ਵਿੱਚ ਸਾਡੀ ਰਾਮ ਸਤ ਜ਼ਰੂਰ ਲਿਖ ਦੇਈਂ, ਮੈਂ ਪਰੇਸ਼ਾਨ ਹੋ ਜਾਂਦਾ। ਆਖ਼ਰ ਮੈਂ ਆਪਣੇ ਆਪ ਕੀ ਲਿਖਾਂ ਤੇ ਕੀ ਨਾ ਲਿਖਾਂ?

ਬੁੜ੍ਹੀਆਂ ਆਪਣੇ ਰੋਣੇ ਰੋਂਦੀਆਂ। ਕਿਸੇ ਦੀ ਨੂੰਹ ਕੁੱਪਤੀ ਸੀ। ਕਿਸੇ ਦੀ ਧੀ ਦੁਖੀ ਸੀ। ਕਿਸੇ ਦਾ ਪੁੱਤ ਫ਼ੌਜ 'ਚ ਭਰਤੀ ਹੋ ਗਿਆ ਸੀ। ਕਿਸੇ ਦਾ ਹੱਥ ਤੰਗ ਸੀ। ਮੁਕੱਦਮਾ ਉਹਨਾਂ ਨੂੰ ਖਾਈ ਜਾ ਰਿਹਾ ਸੀ। ਮਹੀਨੇ 'ਚ ਦੋ-ਦੋ ਤਰੀਕਾਂ ਪੈਂਦੀਆਂ ਸਨ। ਕਿਸੇ ਦੀ ਧੀ ਨੂੰ ਲੰਮੀ ਬਿਮਾਰੀ ਸੀ। ਸਹੁਰੇ ਉਹਨੂੰ ਲਿਜਾਂਦੇ ਨਹੀਂ ਸਨ। ਉਹ ਪੇਕਿਆਂ ਦਾ ਬੂਹਾ ਮੱਲੀ ਬੈਠੀ ਸੀ। ਉਹ ਨਾ ਮਰਦੀ ਸੀ ਤੇ ਨਾ ਰਾਜ਼ੀ ਹੁੰਦੀ ਸੀ। ਡਾਕਟਰ ਨੇ ਨਿੱਤ ਨਵੇਂ ਲੋਦੇ ਲਾ-ਲਾ ਕੇ ਕੁੜੀ ਦਾ ਸਰੀਰ ਛਾਣ ਦਿੱਤਾ ਸੀ। ਡਾਕਟਰ ਦਾ ਘਰ ਭਰ ਰਿਹਾ ਸੀ। ਉਹ ਦਿਨ-ਬਦਿਨ ਕੰਗਾਲ ਹੋ ਰਹੇ ਸਨ।

ਗੱਲ ਕੀ, ਲੋਕਾਂ ਦੇ ਦੁੱਖ ਲਿਖ-ਲਿਖ ਮੈਂ ਦੁਖੀ ਹੋ ਜਾਂਦਾ ਸੀ। ਸਾਰਾ-ਸਾਰਾ ਦਿਨ ਸੋਚਦਾ ਰਹਿੰਦਾ ਸਾਂ, ਇਹ ਲੋਕ ਵੀ ਕਦੀ ਰਾਜ਼ੀ-ਖ਼ੁਸ਼ੀ ਹੋਣਗੇ, ਖ਼ੁਸ਼ੀਆਂ ਮਨਾਣਗੇ ਤੇ ਮੈਥੋਂ ਸੋਹਣੀਆਂ-ਸੋਹਣੀਆਂ ਗੱਲਾਂ ਲਿਖਵਾਉਣਗੇ ? ਉਹ ਗੱਲਾਂ ਜਿਹੜੀਆਂ ਮੈਨੂੰ ਦੁਖੀ ਨਾ ਕਰਨ, ਮੈਨੂੰ ਖ਼ੁਸ਼ ਰੱਖਣ। ਸਦਾ ਖ਼ੁਸ਼। ਸੋਚਦਾ-ਸੋਚਦਾ ਮੈਂ ਗੌਤਮ ਬੁੱਧ ਦੀ ਫ਼ਿਲਾਸਫ਼ੀ 'ਚ ਜਾ ਵੜਦਾ। 'ਇਹ ਦੁਨੀਆਂ ਦੁੱਖਾਂ ਦਾ ਘਰ ਹੈ।' ਉਹਦਾ ਇਹ ਵਚਨ ਮੇਰੇ ਦਿਮਾਗ ਵਿੱਚ ਗੂੰਜਦਾ ਰਹਿੰਦਾ।

ਮੇਰਾ ਜੀ ਕਰਦਾ ਮੈਂ ਪਿੰਡੋਂ ਭੱਜ ਜਾਵਾਂ, ਦੂਰ......ਜਿੱਥੇ ਕੋਈ ਮੈਨੂੰ ਜਾਣਦਾ ਨਾ ਹੋਵੇ। ਉੱਥੇ ਨਾ ਮੈਥੋਂ ਕੋਈ ਚਿੱਠੀ ਲਿਖਵਾਏਗਾ ਤੇ ਨਾ ਮੈਂ ਦੁਖੀ ਹੋਵਾਂਗਾ।

ਕਪੂਰੇ ਦਾ ਪੁੱਤ ਮੇਘਾ, ਮੇਲੋ ਦੀ ਧੀ ਸਰਬਤੀ ਤੇ ਨਾਈਆਂ ਦਾ ਘੋਟਾ, ਇਹ ਸਾਰੇ ਜਣੇ ਹੁਣ ਪੰਜਵੀਂ 'ਚ ਹੋ ਗਏ ਸਨ। ਮੈਂ ਇਸ਼ਾਰੇ ਨਾਲ਼ ਸਮਝਾਉਣ ਦੀ ਕੋਸ਼ਸ਼ ਕਰਦਾ ਕਿ ਹੁਣ ਉਹਨਾਂ ਤੋਂ ਲਿਖਵਾ ਲਿਆ ਕਰਨ ਲੋਕ ਚਿੱਠੀਆਂ।

ਪਰ ਉਹ ਕਹਿੰਦੇ ਸਨ ਕਿ ਕੀਹਦੇ-ਕੀਹਦੇ ਸਾਹਮਣੇ ਆਪਣੇ ਘਰ ਦਾ ਭੇਤ ਉਹ ਖੋਲ੍ਹਦੇ ਫਿਰਨ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਹਨ।

"ਮੋਹਣ ਸਿਆਂ, ਤੇਤੋਂ ਕਦੇ ਅਸੀਂ ਕੋਈ ਗੱਲ ਲੁਕਾ ਕੇ ਨੀਂ ਰੱਖੀ। ਹਰ ਗੱਲ ਆਪਣੇ ਧੀਆਂ ਪੁੱਤਾਂ ਵਾਂਗ ਤੇਰੇ ਨਾਲ਼ ਕਰ ਲੈਂਦੇ ਹਾਂ। ਆਪਣੇ ਦਿਲ ਫੋਲ ਲੈਂਦੇ ਹਾਂ ਤੇਰੇ

ਕੋਲ਼, ਹੋਰ ਕੀ ਐ ਏਥੇ, ਬਸ ਆਪਣਾ ਦਿਲ ਹੌਲ਼ਾ ਹੋ ਜਾਂਦੈ ਜ਼ਰਾ। ਨਾਲ਼ੇ ਤੂੰ ਸਾਡੀ ਸੁਣ ਵੀ ਲੈਨੈਂ ਧਿਆਨ ਨਾਲ਼।"

ਉਹਨਾਂ ਦਾ ਲਾਡ ਨਾਲ਼ ਕਿਹਾ, "ਮੋਹਣ ਸਿਆਂ" ਮੈਨੂੰ ਚੰਗਾ-ਚੰਗਾ ਲਗਦਾ। ਉਹ ਸੱਚੇ ਵੀ ਸਨ। ਮੈਂ ਉਹਨਾਂ ਦੇ ਘਰਾਂ ਦੀ ਹਰ ਗੱਲ, ਹਰ ਘਟਨਾ, ਥੋੜ੍ਹ, ਤੇ ਲੋੜ ਤੋਂ ਜਾਣੂ ਸਾਂ, ਜਿਵੇਂ ਮੈਂ ਉਹਨਾਂ ਦੇ ਟੱਬਰ ਦਾ ਹੀ ਇੱਕ ਜੀਅ ਹੋਵਾਂ। ਇਹ ਸੋਚ ਕੇ ਮੈਂ ਨੀਵੀਂ ਪਾ ਲੈਂਦਾ ਤੇ ਮੈਨੂੰ ਸ਼ਰਮ ਜਿਹੀ ਆ ਜਾਂਦੀ। ਆਖ਼ਰ ਦੋ ਲਫ਼ਜ਼ ਲਿਖਣ ਪਿੱਛੇ ਮੈਂ ਉਹਨਾਂ ਨੂੰ ਐਨਾ ਕਿਉਂ ਤੰਗ ਕਰਦਾ ਸਾਂ? ਕਿਉਂ ਜਵਾਬ ਦੇ ਦਿੰਦਾ ਸਾਂ ਚਿੱਠੀ ਲਿਖਣ ਤੋਂ?

ਪਰ ਇਸ ਦੇ ਬਾਵਜੂਦ ਮੇਰੀ ਝਿਜਕ ਦੂਰ ਨਾ ਹੋਈ। ਹਰ ਮੌਕੇ 'ਤੇ ਮੈਂ ਉਹਨਾਂ ਨੂੰ ਟਾਲਣ ਦੀ ਕੋਸ਼ਸ਼ ਕਰਦਾ। ਹਰ ਰੋਜ਼ ਹੀ "ਕੱਲ੍ਹ ਨੂੰ ਲਿਖ ਦਿਊਂ" ਕਹਿ ਕੇ ਲਾਰਾ ਲਾ ਛੱਡਦਾ। ਪਤਾ ਨਹੀਂ ਹੁਣ ਚਿੱਠੀ ਲਿਖਵਾਉਣ ਲਈ ਕਿਸੇ ਦੇ ਘਰ ਜਾਣ ਲੱਗਿਆਂ ਮੈਨੂੰ ਸ਼ਰਮ ਕਿਉਂ ਮਹਿਸੂਸ ਹੁੰਦੀ ਸੀ। ਪਤਾ ਨਹੀਂ ਮੈਂ ਕਿਉਂ ਝਿਜਕਦਾ ਸਾਂ।

ਅਜੇ ਪਰਸੋਂ ਦੀ ਗੱਲ ਹੈ। ਜਾਗਰ ਫ਼ੌਜੀ ਦੀ ਮਾਂ ਹਰ ਕੌਰ ਮੈਨੂੰ ਆਪਣੇ ਘਰ ਲਿਜਾਣ ਲਈ ਆਈ। ਮੇਰੇ ਕੋਲ਼ੋਂ ਚਿੱਠੀ ਲਿਖਵਾਣ ਲਈ। ਪਹਿਲਾਂ ਤਾਂ ਮੈਂ ਟਾਲ਼-ਮਟੋਲ਼ ਕਰਦਾ ਰਿਹਾ ਪਰ ਜਦੋਂ ਉਹਦੀਆਂ ਅੱਖਾਂ ਭਰ ਆਈਆਂ ਤਾਂ ਮੈਂ ਨੀਵੀਂ ਪਾ ਲਈ ਤੇ ਉਹਦੇ ਪਿੱਛੇ-ਪਿੱਛੇ ਤੁਰ ਪਿਆ।

ਆਪਣੇ ਘਰ ਜਾ ਕੇ ਉਹਨੇ ਬਾਹਰਲੇ ਦਰਵਾਜ਼ੇ ਕੋਲ਼ ਮੇਰੀ ਖ਼ਾਤਰ ਪੀੜ੍ਹੀ ਡਾਹ ਦਿੱਤੀ। ਮੈਂ ਚੁੱਪ ਕਰਕੇ ਬੈਠ ਗਿਆ। ਉਹ ਉੱਠ ਕੇ ਕਾੜ੍ਹਨੀ 'ਚੋਂ ਦੁੱਧ ਦਾ ਗਲਾਸ ਭਰ ਲਿਆਈ। ਮੈਂ ਬੜੀ ਨਾਂਹ-ਨੁੱਕਰ ਕੀਤੀ ਪਰ ਉਸ ਕਿਹਾ, "ਪੀ ਲੈ ਪੁੱਤ, ਕਿਹੜਾ ਜੈ ਖਾਣਾ ਆਪਾਂ ਮੁੱਲ ਲਿਆਂਦੈ ਕਿਤੋਂ। ਸੁੱਖ ਨਾਲ਼ ਦੋ ਲਵੇਰੀਆਂ ਖੜ੍ਹੀਆਂ ਨੇ ਘਰ। ਬੇਸ਼ੱਕ ਲੈ ਜਿਆ ਕਰ ਵੇਲ਼ੇ-ਕੁਵੇਲ਼ੇ ਲੋੜ ਪੈ ਜਾਵੇ ਜੇ ਕਦੇ। ਅਸੀਂ ਪੁੱਤ, ਤੇਰਾ ਹੱਕ ਨਹੀਂ ਰੱਖਦੇ, ਬੱਸ ਚਿੱਠੀ ਦੇ ਬੋਲ ਜ਼ਰਾ ਚੰਗੇ ਲਿਖ ਦੇਈਂ। ਆਹ ਲੈ ਫੜ ਕਾਟ।" ਉਹਨੇ ਕਾਂਸੀ ਦੀ ਥਾਲ਼ੀ 'ਤੇ ਰੱਖ ਕੇ ਪੋਸਟ-ਕਾਰਡ ਮੈਨੂੰ ਫੜਾ ਦਿੱਤਾ।

"ਪਹਿਲਾਂ ਦੁੱਧ ਦੀ ਘੁੱਟ ਭਰ ਲੈ ਪੁੱਤ, ਬੈ ਭਰ ਜੂ।" ਉਹਨੇ ਪਿੱਤਲ਼ ਦੇ ਗਲਾਸ ਵੱਲ ਇਸ਼ਾਰਾ ਕਰਦਿਆਂ ਕਿਹਾ।

ਮੈਂ ਸੰਗਦਿਆਂ-ਸੰਗਦਿਆਂ ਗਲਾਸ ਮੂੰਹ ਨੂੰ ਲਾ ਲਿਆ ਪਰ ਇਕਦਮ ਮੂੰਹ ਤੋਂ ਲਾਹ ਲਿਆ। ਗਰਮ-ਗਰਮ ਦੁੱਧ ਨੇ ਮੇਰੀ ਜੀਭ, ਗਰਮ-ਗਰਮ ਗਲਾਸ ਨੇ ਮੇਰੇ ਬੁੱਲ੍ਹ ਫੂਕ ਦਿੱਤੇ।

ਮੈਨੂੰ ਬੁੜ੍ਹੀ 'ਤੇ ਬਹੁਤ ਗੁੱਸਾ ਆਇਆ। ਮੇਰੀ ਜੀਭ ਅਜੇ ਵੀ ਜਲੂੰ-ਜਲੂੰ ਕਰ ਰਹੀ ਸੀ।

ਬੁੜ੍ਹੀ ਵੀ ਡਰ ਜਿਹੀ ਗਈ। ਉਹਨੇ ਦੁੱਧ ਫੈਂਟ-ਫੈਂਟ ਪਾਣੀ ਵਰਗਾ ਕਰ ਦਿੱਤਾ, ਜਿਹੜਾ ਮੈਂ ਇੱਕੋ ਸਾਹ ਪੀ ਗਿਆ।

ਅੰਦਰੋਂ ਥਮ੍ਹਲੇ ਉਹਲਿਓਂ ਕਿਸੇ ਦੀ "ਹਾਏ! ਹਾਏ!" ਦੀ ਅਵਾਜ਼ ਆਈ। ਪੁੱਛਣ 'ਤੇ ਪਤਾ ਲੱਗਾ ਕਿ ਉਹ ਕਰਤਾਰੋ ਸੀ। ਹਰ ਕੌਰ ਦੀ ਨੂੰਹ। ਜਿਸ ਪਰਸੋਂ ਪੁੱਤ

ਜੰਮਿਆ ਸੀ। ਅੰਦਰ ਮੰਜੇ 'ਤੇ ਪਈ ਉਹ ਕਰਾਹ ਰਹੀ ਸੀ। ਉਹਨੂੰ ਪਰਸੋਂ ਤੋਂ ਹੀ ਦਰਦ ਹੋ ਰਿਹਾ ਸੀ ਜਿਹੜਾ ਅਜੇ ਤੱਕ ਨਹੀਂ ਸੀ ਟਿਕਿਆ।

ਬੁੜ੍ਹੀ ਨੇ ਹਉਕਾ ਭਰ ਕੇ ਕਿਹਾ, "ਪੁੱਤ ਮੋਹਣਿਆਂ, ਜ਼ਰਾ ਚੰਗੀ ਤਰ੍ਹਾਂ ਲਿਖੀਂ ਚਿੱਠੀ, ਜਿਹਨੂੰ ਪੜ੍ਹ ਕੇ ਮੁੰਡਾ ਫ਼ੌਜ 'ਚੋਂ ਨਾਂਵਾਂ ਕਟਾ ਆਵੇ। ਅਸੀਂ ਬਹੁਤ ਦੁਖੀ ਹਾਂ, ਪੁੱਤ.........।" ਉਹਦੀਆਂ ਅੱਖਾਂ ਫੇਰ ਭਰ ਆਈਆਂ।

ਮੇਰਾ ਵੀ ਦਿਲ ਬੜਾ ਖ਼ਰਾਬ ਜਿਹਾ ਹੋ ਗਿਆ।

ਮੈਂ ਆਪਣੇ ਵੱਲੋਂ ਰਾਜ਼ੀ-ਖ਼ੁਸ਼ੀ ਲਿਖੀ। ਉਹਦੀ ਰਾਜ਼ੀ ਖ਼ੁਸ਼ੀ ਪੁੱਛੀ ਤੇ ਫੇਰ ਸਵਾਲੀਆ ਨਜ਼ਰਾਂ ਨਾਲ਼ ਬੁੜ੍ਹੀ ਵੱਲ ਵੇਖਣ ਲੱਗ ਪਿਆ।

"ਲਿਖ ਪੁੱਤ........! ਬਈ ਉਹਦਾ ਬਾਪੂ ਪੰਜਮੇਂ, ਤਰੀਕ 'ਤੇ ਜਾ ਆਇਆ। ਏਸ ਪੰਦਰਾਂ ਦੀ ਫੇਰ ਪੇਸ਼ੀ ਪੈ ਗਈ।"

"ਹੋਰ? " ਮੈਂ ਲਿਖ ਕੇ ਪੁੱਛਿਆ।

"ਦੀਪੋ ਦੇ ਪਰਾਹੁਣੇ ਦਾ ਅਜੇ ਕੋਈ ਪਤਾ ਨਹੀਂ ਕਿੱਥੇ ਗਿਆ। ਕਿੱਥੇ ਹੈ, ਕਿੱਥੇ ਨਹੀਂ। ਉਹ ਵੀ ਗ਼ੌਰ ਕਰਕੇ ਉੱਧਰੋਂ ਥਹੁ-ਪਤਾ ਕੱਢੇ! "

"ਬੂਰੀ ਮ੍ਹੈਸ ਐਤਕਾਂ ਤੂ ਗਈ। ਨਾਲ਼ੇ ਉਹਦੀ ਪੂਛ ਨੂੰ ਬਾਹਮਣੀ ਲੱਗ ਗਈ ਸੀ ਪਰ ਹੁਣ ਠੀਕ ਹੈ। ਪੂਛ ਵੱਢ ਕੇ ਮ੍ਹੈਸ ਦੀ ਕਦਰ ਵੀ ਅੱਧੀ ਰਹਿ ਗਈ।" ਮੈਨੂੰ ਪਤਾ ਨਾ ਲੱਗਾ ਕਿ ਇਹ ਗੱਲ ਉਹਨੇ ਮੇਰੇ ਨਾਲ਼ ਕੀਤੀ ਸੀ ਜਾਂ ਲਿਖਣ ਲਈ ਕਹੀ ਸੀ ਪਰ ਮੈਂ ਲਿਖ ਹੀ ਦਿੱਤੀ।

"ਨਾਰੇ ਬਲ਼ਦ ਦਾ ਕੰਨ੍ਹਾ ਮਤਾੜਿਆ ਗਿਆ, ਐਤਕੀਂ। ਜੇ ਪਤਾ ਹੁੰਦਾ ਬਾਰੂ ਨੂੰ ਨਾ ਵੇਚਦੇ ਪਰ ਵੇਚਦੇ ਵੀ ਕਿੱਦਾਂ ਨਾ, ਹਾਲ਼ਾ ਜੁ ਦੇਣਾ ਸੀ, ਖੇਤੀਆਂ ਤਾਂ ਜੈ ਖਾਣੀਆਂ ਐਤਕੀਂ ਪਾਣੀ ਨੇ ਮਾਰ ਲਈਆਂ। ਕਾਲ਼ਜੇ 'ਚ ਰੁੱਗ ਭਰਦੈ, ਗੋਡੇ-ਗੋਡੇ ਪਾਣੀ ਦੇਖ ਕੇ, ਖੇਤਾਂ ਦੇ।" ਉਹ ਲਗਾਤਾਰ ਬੋਲੀ ਗਈ।

"ਇਹ ਬਾਰੂ ਕੌਣ ਹੋਇਆ।" ਮੈਂ ਪੁੱਛਿਆ।

"ਆਪਣਾ ਵੱਛਾ ਸੀ ਪੁੱਤ, ਘਰ ਦਾ ਪਾਲ਼ਿਆ ਹੋਇਆ। ਮੈਂ ਚੰਦਰੇ ਨੂੰ ਸਾਰਾ - ਸਾਰਾ ਦੁੱਧ ਛੱਡਦੀ ਰਹੀ ਆਂ। ਮੁੰਡਾ ਕਹਿੰਦਾ ਵੇਚਣਾ ਨੀ ਬੜਾ ਸੋਹਣਾ ਵਹਿੜਕਾ ਨਿਕਲੂ। ਉਹਦੀਆਂ ਮੇਲੇ ਤੋਂ ਲਿਆਂਦੀਆਂ ਘੁੰਗਰਾਲ਼ਾਂ ਤੇ ਨੱਥਾਂ ਅਜੇ ਬਹੂ ਦੇ ਸੰਦੂਕ 'ਚ ਜਿਉਂ ਦੀਆਂ ਤਿਉਂ ਪਈਆਂ ਨੇ। ਸਾਨੂੰ ਪਾਉਣੀਆਂ ਵੀ ਨਸੀਬ ਨਾ ਹੋਈਆਂ। ਜਿੱਦਣ ਵਿਕ ਗਿਆ, ਤੇਰੇ ਚਾਚੇ ਨੇ ਟੁੱਕ ਦੀ ਇੱਕ ਬੁਰਕੀ ਨਾ ਖਾਧੀ। ਥਮ੍ਹਲੇ ਨਾਲ਼ ਲੱਗ ਕੇ ਬੈਠਾ ਰਿਹਾ ਸਾਰਾ ਦਿਨ। ਨੀਵੀਂ ਪਾ ਕੇ।"

"ਹੋਰ ਕੀ ਲਿਖਾਂ, ਚਾਚੀ? " ਮੈਂ ਕੁਵੇਲਾ ਹੁੰਦਾ ਦੇਖ ਕੇ ਕਿਹਾ।

"ਹੋਰ ਲਿਖ ਦੇ ਪੁੱਤ, ਬਈ ਕਰਤਾਰੋ ਦੇ ਘਰ ਕਾਕਾ ਹੋ ਕੇ ਗੁਜ਼ਰ ਗਿਆ।

ਕਰਤਾਰੋ ਮੰਜੇ 'ਤੇ ਮਰਨ ਵਾਲ਼ੀ ਪਈ ਐ। ਜਲਦੀ ਤੋਂ ਜਲਦੀ ਸਾਹਬ ਨੂੰ ਕਹਿ ਕੇ ਨਾਮਾ ਕਟਾ ਆਵੇ। ਚਿੱਠੀ ਨੂੰ ਤਾਰ ਸਮਝੇ।"

ਮੈਂ ਸੁੰਨ ਹੋ ਗਿਆ।

"ਕਿੰਨਾ ਸੋਹਣਾ ਸੀ ਗੋਭਲ਼ਾ ਜਿਹਾ, ਮੇਰਾ ਪੋਤਾ, ਇੰਨ-ਬਿੰਨ ਬਾਪ 'ਤੇ ਗਿਆ ਸੀ। ਤਿੱਖਾ-ਤਿੱਖਾ ਨੱਕ, ਚੌੜਾ ਮੱਥਾ ਤੇ ਭਰਮਾਂ ਚੇਹਰਾ। ਮੂੰਹ ਜਿਮੇਂ ਹਸੂੰ-ਹਸੂੰ ਕਰਦਾ ਸੀ। ਜਦੋਂ ਦੀਵੇ-ਚਾਨਣੇ ਮੈਂ ਦੇਖਿਆ ਇਉਂ ਲੱਗਿਆ ਜਿਮੇਂ ਸਾਮਰਤੱਖ ਮੇਰਾ ਪੁੱਤ ਆ ਗਿਆ ਹੋਵੇ, ਛੁੱਟੀ ਲੈ ਕੇ ਫ਼ੌਜ 'ਚੋਂ। ਓਸੇ ਵੇਲ਼ੇ ਮੇਰਾ ਮੱਥਾ ਠਣਕਿਆ। ਮੈਂ ਕਿਹਾ ਹਰ ਕੁਰੇ, ਤੇਰੇ ਘਰ ਤੇਰਾ ਦੂਜਾ ਪੁੱਤ ਜੰਮਿਐਂ, ਜਦੋਂ ਸੁੱਖ ਨਾਲ਼ ਗੱਭਰੂ ਹੋ ਗਿਆ, ਦੁਨੀਆਂ ਖੜ੍ਹੀ ਹੋ-ਹੋ ਦੇਖੂ, ਰੱਬ ਸੁੱਖ ਰੱਖੇ। ਲੰਮੀ ਉਮਰ ਦੇਵੇ ਮੇਰੇ ਪੋਤੇ ਨੂੰ। ਪਰ ਸਾਡੇ ਭਾਗ ਖੋਟੇ.........।" ਬੁੜ੍ਹੀ ਆਪੇ ਬੁੜਬੁੜਾਈ।

"ਭਾਬੀ ਦੀ ਉਮਰ ਲੰਮੀ ਚਾਹੀਦੀ ਐ, ਚਾਚੀ। ਇਹਦਾ ਧਿਆਨ ਨਾਲ਼ ਇਲਾਜ ਕਰਵਾ। ਨਾਲ਼ੇ ਜਿਊਂਦਾ ਰਹੇ ਸਾਡਾ ਭਾਈ। ਉਹਦੀ ਲਿਖੀ ਹੀ ਏਨੀ ਕੁ ਸੀ।" ਮੈਂ ਦਿਲਾਸਾ ਦਿੰਦਿਆਂ ਕਿਹਾ।

ਚਾਚੀ ਨੇ ਸਿਰ 'ਤੇ ਰੱਖੇ ਖੱਦਰ ਦੇ ਪਰਨੇ ਨਾਲ਼ ਅੱਖਾਂ ਪੂੰਝੀਆਂ।

"ਲਿਖ 'ਤਾ ਪੁੱਤ ਸਭ ਕੁਸ਼।" ਚਾਚੀ ਨੇ ਕਿਹਾ।

"ਆਹੋ ਚਾਚੀ।" ਮੈਂ ਬੜੀ ਮੁਸ਼ਕਲ ਨਾਲ਼ ਕਹਿ ਸਕਿਆ।

ਚੰਗਾ ਪੁੱਤ ਇੱਕ ਵਾਰੀ ਸਾਰੀ ਚਿੱਠੀ ਵਾਚ ਕੇ ਸੁਣਾ ਦੇ ਮੈਨੂੰ। ਕੋਈ ਭੁੱਲੀ-ਚੁੱਕੀ ਗੱਲ ਚੇਤੇ ਆ ਜੂ ਨਾਲ਼ੇ" ਉਹਦੀਆਂ ਅੱਖਾਂ 'ਚ ਤਰਲਾ ਸੀ।

ਮੈਂ ਸਾਰੀ ਚਿੱਠੀ ਪੜ੍ਹ ਕੇ ਸੁਣਾ ਦਿੱਤੀ।

"ਬੱਸ ਚਾਚੀ? " ਮੈਂ ਐਡਰੈੱਸ ਲਿਖਦਿਆਂ-ਲਿਖਦਿਆਂ ਪੁੱਛਿਆ।

"ਬੱਸ ਪੁੱਤ......ਲਿਖ ਦੇ, ਬਾਕੀ ਸਭ ਸੁੱਖ-ਸਾਂਦ ਹੈ।"